Dispatch no. I/19852/2020

ਜ਼ਿਲ•ਾ ਲੋਕ ਸੰਪਰਕ ਅਫਸਰ, ਫਰੀਦਕੋਟ

ਫਰੀਦਕੋਟ ਦੇ ਖਰੀਦ ਕੇਂਦਰਾਂ ਵਿਚ ਕਣਕ ਦੀ ਖਰੀਦ, ਲਿਫਟਿੰਗ ਦਾ ਕੰਮ ਤੇਜ਼

ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਮੰਡੀ ਬੋਰਡ, ਜ਼ਿਲ•ਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਹਨ ਵਿਸ਼ੇਸ਼ ਪ੍ਰਬੰਧ

ਖੁਸ਼ਹਾਲੀ ਦੇ ਰਾਖੇ ਜੀ ਓ ਜੀ ਵੀ ਖਰੀਦ ਪ੍ਰਬੰਧਾਂ ਵਿਚ ਕਰ ਰਹੇ ਹਨ ਮਦਦ

ਕੱਲ ਸ਼ਾਮ ਤੱਕ ਜ਼ਿਲੇ• ਦੀਆਂ ਮੰਡੀਆਂ ਵਿਚ 178321 ਮੀਟ੍ਰਿਕ ਟਨ ਕਣਕ ਦੀ ਆਮਦ ਤੇ 162409 ਮੀਟ੍ਰਿਕ ਟਨ ਕਣਕ ਦੀ ਖਰੀਦ

ਫਰੀਦਕੋਟ 23 ਅਪ੍ਰੈਲ ( ) ਕਰਫਿਊ ਦੌਰਾਨ ਕਿਸਾਨਾਂ ਦੀ ਫਸਲ ਦੀ ਮੰਡੀਆਂ ਵਿਚ ਨਿਰਵਿਘਨ ਵਿਕਰੀ ਅਤੇ ਕਰੋਨਾ ਮਹਾਂਮਾਰੀ ਦੇ ਪ੍ਰਭਾਵ ਨੂੰ ਰੋਕਣ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ•ਾ ਪ੍ਰਸ਼ਾਸਨ, ਅਤੇ ਮੰਡੀ ਬੋਰਡ ਵੱਲੋਂ ਜ਼ਿਲੇ• ਦੀਆਂ ਮੰਡੀਆਂ ਵਿਚ ਕਿਸਾਨਾਂ, ਆੜ•ਤੀਆਂ ਅਤੇ ਲੇਬਰ ਆਦਿ ਦੀ ਸਹੂਲਤ, ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਮੰਡੀਆਂ ਵਿਚ ਸਮਾਜਿਕ ਦੂਰੀ ਨੂੰ ਬਣਾਈ ਰੱਖਣ ਲਈ ਕਿਸਾਨਾਂ ਨੂੰ ਆਪਣੀ ਫਸਲ ਲਿਆਉਣ ਲਈ ਮੰਡੀ ਬੋਰਡ ਵੱਲੋਂ ਆੜ•ਤੀਆ ਰਾਹੀਂ ਪਾਸ ਜਾਰੀ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਤੇ ਜ਼ਿਲ•ਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਉਚਿੱਤ ਪ੍ਰਬੰਧਾਂ ਨਾਲ ਜ਼ਿਲੇ• ਦੀਆਂ ਮੰਡੀਆਂ ਵਿਚ ਕਣਕ ਦੀ ਆਮਦ, ਖਰੀਦ ਅਤੇ ਲਿਫਟਿੰਗ ਦਾ ਕੰਮ, ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਕਿਸਾਨਾਂ, ਆੜ•ਤੀਆਂ, ਲੇਬਰ, ਖਰੀਦ ਏਜੰਸੀਆਂ ਦੇ ਸਟਾਫ, ਮੰਡੀ ਬੋਰਡ ਦੇ ਸਟਾਫ ਸਮੇਤ ਮੰਡੀ ਵਿਚ ਹਾਜ਼ਰ ਹਰ ਇਕ ਲਈ ਮਾਸਕ ਪਹਿਨਣਾ ਯਕੀਨੀ ਬਣਾਇਆ ਗਿਆ ਹੈ ਅਤੇ ਸਮੇਂ ਸਮੇਂ ਤੇ ਕਿਸਾਨਾਂ,ਆੜਤੀਆਂ ਤੇ ਲੇਬਰ ਦੇ ਹੱਥ ਧੋਣ, ਮੰਡੀਆਂ ਨੂੰ ਰੋਗਾਣੂ ਮੁਕਤ ਕਰਨ ਲਈ ਸਪਰੇਅ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਖੁਸ਼ਹਾਲੀ ਦੇ ਰਾਖੇ ਜੀ ਓ ਜੀ ਵੀ ਮੰਡੀਆਂ ਵਿਚ ਕਣਕ ਦੀ ਖਰੀਦ, ਤੁਲਾਈ ਆਦਿ ਪ੍ਰਬੰਧਾਂ ਵਿਚ ਮਦਦ ਕਰ ਰਹੇ ਹਨ ਅਤੇ ਕਰੋਨਾ ਵਰਗੀ ਮਹਾਂਮਾਰੀ ਤੋਂ ਬਚਣ ਲਈ ਜਾਗੂਰਕ ਕਰਨ ਵਿਚ ਆਪਣਾ ਸਹਿਯੋਗ ਦੇ ਰਹੇ ਹਨ।

ਕਿਸਾਨਾਂ ਨੂੰ ਜਾਰੀ ਪਾਸਾਂ ਤਹਿਤ ਕੱਲ ਸ਼ਾਮ ਤੱਕ ਜ਼ਿਲੇ• ਦੇ ਖਰੀਦ ਕੇਂਦਰਾਂ ਵਿਚ 178321 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਤੇ ਜਿਸ ਵਿਚੋਂ 162439 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।ਜਿਸ ਵਿਚ ਪਨਗਰੇਨ ਵੱਲੋਂ 49771 ਮੀਟ੍ਰਿਕ ਟਨ, ਮਾਰਕਫੈਡ ਵੱਲੋਂ 44639 ਮੀਟ੍ਰਿਕ ਟਨ, ਪਨਸਪ ਵੱਲੋਂ 38150 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਵੱਲੋਂ 21342 ਮੀਟ੍ਰਿਕ ਟਨ ਅਤੇ ਐਫ ਸੀ ਆਈ ਵੱਲੋਂ 8537 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ। ਪਾਸ ਸਿਸਟਮ ਲਾਗੂ ਹੋਣ ਨਾਲ ਕਣਕ ਦੀ ਖਰੀਦ, ਲਿਫਟਿੰਗ ਆਦਿ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ।

ਫੋਟੋ ਕੈਪਸ਼ਨ 1 ਮੰਡੀ ਵਿਚ ਕਣਕ ਦੀ ਤੁਲਾਈ ਦਾ ਦ੍ਰਿਸ਼

2 ਸਫਾਈ ਨੂੰ ਪ੍ਰਮੁੱਖ ਰੱਖਦੇ ਹੋਏ ਹੱਥ ਧੋਣ ਦਾ ਦ੍ਰਿਸ਼

3 ਮੰਡੀ ਵਿਚ ਸਪਰੇਅ ਕਰਦੇ ਹੋਣ ਦਾ ਦ੍ਰਿਸ਼

Dispatch no. I/19889/2020

ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਕਰੋਨਾ ਵਾਇਰਸ ਦੀ ਸਮੱਸਿਆ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੀਆਂ ਮੁਫਤ ਹੈਲਪ ਲਾਈਨਾਂ

ਪੁਲਿਸ ਨਾਲ ਸਬੰਧਿਤ ਕੰਮਾਂ ਲਈ ਟੋਲ ਫਰੀ ਨੰਬਰ 112, ਸਿਹਤ ਸੇਵਾਵਾਂ ਲਈ104, ਐਂਬੂਲੈਂਸ ਦੀ ਸੁਵਿਧਾ ਲਈ 108 ਡਾਇਲ ਕਰੋ

ਕੋਵਾ ਐਪ ਰਾਹੀਂ ਵੀ ਲੋਕਾਂ ਨੂੰ ਮਿਲ ਰਹੀ ਹੈ ਜਾਣਕਾਰੀ ਤੇ ਸਹਾਇਤਾ

ਫਰੀਦਕੋਟ 23 ਅਪ੍ਰੈਲ ( ) ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਤੇ ਕਾਬੂ ਪਾਉਣ ਅਤੇ ਇਸਦੇ ਫੈਲਾਅ ਨੂੰ ਅੱਗੇ ਵੱਧਣ ਤੋਂ ਰੋਕਣ ਲਈ, ਲੋਕਾਂ ਵਿਚ ਸਮਾਜਿਕ ਦੂਰੀ ਬਣਾਈ ਰੱਖਣ ਲਈ 23 ਮਾਰਚ 2020 ਤੋਂ ਪੂਰੇ ਸੂਬੇ ਵਿਚ ਕਰਫਿਊ ਲਗਾਇਆ ਗਿਆ ਹੈ। ਇਸ ਕਰਫਿਊ ਦੌਰਾਨ ਲੋਕਾਂ ਨੂੰ ਉਨ੍ਹਾਂ ਦੇ ਘਰ ਤੱਕ ਵੱਖ ਵੱਖ ਤਰ੍ਹਾਂ ਦੀਆਂ ਸੇਵਾਵਾਂ ਪਹੁੰਚਾਉਣ ਲਈ ਜਿਥੇ ਕਈ ਤਰ੍ਹਾਂ ਦੇ ਮੋਬਾਇਲ ਐਪ, ਲਿੰਕ ਜਾਰੀ ਕੀਤੇ ਗਏ ਹਨ ਉਥੇ ਹੀ ਲੋਕਾਂ ਦੀ ਸਹੂਲਤ ਲਈ ਟੋਲ ਫਰੀ ਹੈਲਪ ਲਾਈਨ ਨੰਬਰ ਵੀ ਜਾਰੀ ਕੀਤੇ ਗਏ ਹਨ। ਜੋ ਲੋਕਾਂ ਲਈ ਵੱਡੀ ਪੱਧਰ ਤੇ ਮਦਦਗਾਰ ਸਾਬਤ ਹੋ ਰਹੇ ਹਨ।

ਪੰਜਾਬ ਸਰਕਾਰ ਵੱਲੋਂ ਤਿਆਰ ਕੋਵਾ ਐਪ ਵੀ ਕਰੋਨਾ ਸਬੰਧੀ ਜਾਣਕਾਰੀ ਅਤੇ ਕਈ ਤਰ੍ਹਾਂ ਦੀ ਸਹਾਇਤਾ ਲਈ ਰਾਮਬਾਣ ਸਿੱਧ ਹੋ ਰਿਹਾ ਹੈ। ਸਰਕਾਰ ਵੱਲੋਂ ਲੋਕਾਂ ਨੂੰ ਇਲਾਜ ਨਾਲੋਂ ਪਰਹੇਜ਼ ਚੰਗਾ ਦਾ ਸੁਨੇਹਾ ਦਿੰਦੇ ਹੋਏ ਸਮਾਜਿਕ ਦੂਰੀ, ਹੱਥ ਧੋਣਾ, ਮਾਸਕ ਲਗਾਉਣ ਅਤੇ ਘਰੋਂ ਬਾਹਰ ਜਾਣ ਘਰ ਵਾਪਿਸ ਆਉਣ ਸਮੇਂ ਹਦਾਇਤਾਂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

ਕੋਵਿਡ-19 ਦੀ ਮਹਾਂਮਾਰੀ ਵਿਚ ਸਰਕਾਰ, ਪ੍ਰਸ਼ਾਸਨ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਕਰੋਨਾ ਦੀ ਚੇਨ ਨੂੰ ਤੋੜਨ ਲਈ ਘਰ ਘਰ ਸੁਨੇਹਾ ਪਹੁੰਚਾਉਣ ਦਾ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਕਰਫਿਊ ਦੇ ਮੱਦੇਨਜ਼ਰ ਗਰੀਬ ਅਤੇ ਲੋੜਵੰਦਾਂ ਤੱਕ ਜ਼ਰੂਰੀ ਸੇਵਾਵਾਂ ਅਤੇ ਰਾਸ਼ਨ ਆਦਿ ਪਹੁੰਚਾਉਣ ਦਾ ਕੰਮ ਵੀ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ। ਪੰਜਾਬ ਸਰਕਾਰ ਨੇ ਤਾਂ ਪਹਿਲ ਕਦਮੀ ਕਰਦਿਆਂ ਆਮ ਜਨਤਾ ਲਈ ਇਸ ਔਖੀ ਘੜ੍ਹੀ ਵਿਚ ਕੁਝ ਮੁਫਤ ਹੈਲਪਲਾਈਨਾਂ ਜਾਰੀ ਕੀਤੀਆਂ ਹਨ। ਟੋਲ ਫਰੀ ਨੰਬਰ 112 ਡਾਇਲ ਕਰਕੇ ਕਾਨੂੰਨ ਵਿਵਸਥਾ,ਕਰਫਿਊ,ਪੁਲਿਸ ਵਿਭਾਗ ਨਾਲ ਸਬੰਧਤ ਜਾਣਕਾਰੀ, ਸਹਾਇਤਾਂ ਜਾਂ ਕੋਈ ਤਕਲੀਫ ਦੱਸ ਸਕਦੇ ਹੋ। 104 ਨੰਬਰ ਰਾਹੀਂ ਘਰ ਬੈਠਿਆ ਸਿਹਤ ਸੇਵਾਵਾਂ, ਸਹੂਲਤਾਂ, ਸਕੀਮਾਂ ਅਤੇ ਇਲਾਜ ਸਬੰਧੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।108 ਨੰਬਰ ਐਂਬੂਲੈਂਸ ਦੀ ਸੁਵਿਧਾ ਲਈ ਹੈ। ਸਰਕਾਰ ਵੱਲੋਂ ਨੰਬਰ 1905 ਆਮ ਮੱਦਦ - ਜ਼ਰੂਰੀ ਵਸਤੂਆਂ ਅਤੇ ਸਪਲਾਈ ਸਬੰਧੀ ਸਥਾਪਿਤ ਕੀਤਾ ਗਿਆ ਹੈ, 1800-180-4104 ਹੈਲਪਲਾਈਨ ਨੰਬਰ ਡਾਇਲ ਕਰਕੇ ਡਾਕਟਰੀ ਸਲਾਹ ਪ੍ਰਾਪਤ ਕੀਤੀ ਜਾ ਸਕਦੀ ਹੈ।

ਕਰਫਿਊ ਦੌਰਾਨ ਸੂਬੇ ਵਿਚ ਹਾੜੀ ਦੇ ਖਰੀਦ ਸੀਜ਼ਨ ਨੂੰ ਦੇਖਦਿਆਂ ਕਿਸਾਨਾਂ ਅਤੇ ਆੜਤੀਆਂ ਨੂੰ ਮੰਡੀਕਰਨ ਵਿਚ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਆਵੇ ਇਸ ਲਈ ਮੰਡੀਕਰਨ ਬੋਰਡ ਈ ਪੀ ਐਮ ਬੀ ਮੋਬਾਇਲ ਐਪ ਰਾਹੀਂ ਆੜਤੀਆਂ ਨੂੰ ਪਾਸ ਜਾਰੀ ਕਰ ਰਿਹਾ ਹੈ। ਇਸੇ ਤਰ੍ਹਾਂ ਉਹ ਲੋਕ ਜੋ ਸਿਹਤ ਮੈਡੀਕਲ ਐਮਰਜੈਂਸੀ, ਮੈਨੂੰਫੈਕਚਰਿੰਗ, ਟ੍ਰਾਸਪੋਰਟ, ਸਟੋਰੇਜ਼, ਬੈਕਿੰਗ, ਦੁਕਾਨਾਂ ਅਤੇ ਮੀਡੀਆ ਪਰਸਨਜ਼ ਵਰਗੀਆਂ ਜ਼ਰੂਰੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ, ਉਨ੍ਹਾਂ ਲਈ ਕਬਤਤਫਰਡਜਦ19।ਬਜਤ।ਅਕਵ।ਜਅ ਵੈਬਸਾਈਟ ਜਾਰੀ ਕੀਤੀ ਗਈ ਹੈ।ਸਰਕਾਰ ਇਹ ਸਾਰੀਆਂ ਸਹੂਲਤਾਂ ਸੂਬਾ ਵਾਸੀਆਂ ਲਈ ਇਸ ਲਈ ਮੁਹੱਈਆ ਕਰਵਾ ਰਹੀ ਹੈ ਤਾਂ ਜੋ ਉਹ ਇਸ ਮਾਹੌਲ ਵਿਚ ਘਬਰਾਉਣ

ਨਾ ਤੇ ਹੌਂਸਲਾ ਰੱਖਣ ਅਤੇ ਸਰਕਾਰ ਦਾ ਸਾਥ ਦੇਣ।ਉਪਰੋਕਤ ਸਾਰੀਆਂ ਹੈਲਪ ਲਾਈਨਾਂ, ਲਿੰਕ, ਮੋਬਾਇਲ ਅੈਪ ਲੋਕਾਂ ਲਈ ਕਾਫੀ ਮੱਦਦਗਾਰ ਸਾਬਤ ਹੋ ਰਹੀਆਂ ਹਨ।

ਫੋਟੋ ਕੈਪਸ਼ਨ: ਪੰਜਾਬ ਸਰਕਾਰ ਵੱਲੋਂ ਜਾਰੀ ਹੈਲਪ ਲਾਈਨ ਨੰਬਰਾਂ ਸਬੰਧੀ ਵੇਰਵਾ

Dispatch No I/19892/2020

ਜ਼ਿਲ•ਾ ਲੋਕ ਸੰਪਰਕ ਅਫਸਰ, ਫਰੀਦਕੋਟ

ਕੋਵਿਡ-19 ਤਹਿਤ ਸੇਵਾਵਾਂ ਨਿਭਾ ਰਹੇ ਸਿਹਤ ਕਾਮਿਆਂ ਨੂੰ ਕੀਤਾ ਜਾਵੇਗਾ ਸਨਮਾਨਿਤ: ਸਿਵਲ ਸਰਜਨ

ਫਰੀਦਕੋਟ 23 ਅਪ੍ਰੈਲ (      ) ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬੇ ਭਰ ਵਿੱਚ ਹਰ ਮਹੱਲੇ ਅਤੇ ਪਿੰਡ-ਕਸਬੇ ਵਿੱਚ ਆਮ ਲੋਕਾਂ ਨੂੰ ਕੋਵਿਡ -19 ਦੀ ਰੋਕਥਾਮ ਅਤੇ ਸਾਵਧਾਨੀਆਂ ਤੋਂ ਜਾਣੂ ਕਰਵਾਉਣ ਲਈ ਮਲਟੀਪਰਪਜ਼ ਹੈਲਥ ਵਰਕਰ,ਏ.ਐਨ.ਐਮ ਅਤੇ ਆਸ਼ਾ ਵਰਕਰ ਆਪਣੀ ਜਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ। ਸਿਵਲ ਸਰਜਨ ਡਾ.ਰਜਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲੇ ਦੀ ਹਰ ਸਿਹਤ ਸੰਸਥਾ ਦਾ ਅਮਲਾ ਪਿਛਲੇ ਕਈ ਦਿਨਾਂ ਤੋਂ ਬਿਨਾ ਕਿਸੇ ਸਰਕਾਰੀ ਛੁੱਟੀ ਤੋਂ ਸ਼ਾਨਦਾਰ ਸੇਵਾਵਾਂ ਨਿਭਾ ਰਿਹਾ ਹੈ। ਜ਼ਿਲਾ ਐਪੀਡਿਮੋਲੋਜਿਸਟ ਡਾ.ਵਿਕਰਮਜੀਤ ਸਿੰਘ,ਡਾ.ਅਨੀਤਾ,ਐਸ.ਐ.ਓ,ਸਹਾਇਕ ਯੂਨਿਟ ਅਫਸਰ,ਬੀ.ਈ.ਈ,ਮਲਟੀ ਪਰਪਜ਼ ਹੈਲਥ ਸੁਪਰਵਾਈਜ਼ਰ-ਮੇਲ ਅਤੇ ਕਮਿਊਮਟੀ ਹੈਲਥ ਵਰਕਰ ਦੀਆਂ ਹਦਾਇਤਾਂ ਤਹਿਤ ਸਟਾਫ ਅਣਥੱਕ ਮਿਹਨਤ ਕਰ ਫਰੰਟ ਲਾਈਨ ਤੇ ਕੰਮ ਕਰ ਰਿਹਾ ਹੈ।ਸਿਵਲ ਸਰਜਨ ਡਾ.ਰਜਿੰਦਰ ਕੁਮਾਰ ਅਤੇ ਕੋਵਿਡ-19 ਦੇ ਜ਼ਿਲਾ ਨੋਡਲ ਅਫਸਰ ਡਾ.ਮਨਜੀਤ ਕ੍ਰਿਸ਼ਨ ਭੱਲਾ ਨੇ ਕਿਹਾ ਕਿ ਸਿਹਤ ਵਿਭਾਗ ਦਾ ਸਟਾਫ ਕੋਵਿਡ-19 ਦੀ ਰੋਕਥਾਮ,ਜਾਗਰੂਕਤਾ,ਸੈਂਪਲਿੰਗ ਅਤੇ ਇਕਾਂਤਵਾਸ ਕਰਨ ਹਿਤ ਘਰ-ਘਰ ਆਪਣੀਆਂ ਸ਼ਾਨਦਾਰ ਸੇਵਾਵਾਂ ਦੇ ਰਿਹਾ ਹੈ।ਇਹ ਸਿਹਤ ਵਿਭਾਗ ਦੇ ਉਹ ਯੋਧੇ ਹਨ ਜੋ ਕਿ ਆਪਣੀ ਜਾਨ ਜੋਖਮ ਵਿੱਚ ਪਾ ਕੇ ਔਖੇ ਸਮੇਂ ਅਤੇ ਹਾਲਾਤਾਂ ਵਿਚ ਪੂਰੀ ਤਨਦੇਹੀ ਨਾਲ ਆਪਣੀਆਂ ਡਿਊਟੀਆਂ ਨਿਭਾ ਰਹੇ ਹਨ। ਉਨਾਂ ਕੀਤੇ ਜਾ ਰਹੇ ਕੰਮ ਦੀ ਸ਼ਲਾਘਾ ਕੀਤੀ ਅਤੇ ਆਪਣੀ ਸੁਰੱਖਿਆ ਦਾ ਵੀ ਧਿਆਨ ਰੱਖਣ ਲਈ ਪ੍ਰੇਰਿਤ ਕੀਤਾ।ਡਾ.ਰਜਿੰਦਰ ਕੁਮਾਰ ਨੇ ਕਿਹਾ ਕਿ ਇਸ ਮਹਾਂਮਾਰੀ ਦੌਰਾਨ ਇਮਾਨਦਾਰੀ ਅਤੇ ਮੇਹਨਤ ਨਾਲ ਡਿਊਟੀ ਕਰਨ ਵਾਲੇ ਸਿਹਤ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਜਾਵੇਗਾ।

ਫੋਟੋ ਕੈਪਸ਼ਨ:   ਡਾ.ਰਜਿੰਦਰ ਕੁਮਾਰ,ਸਿਵਲ ਸਰਜਨ ਫਰੀਦਕੋਟ

Dispatch No

I/19908/2020

ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਹੁਣ ਕੋਵਿਡ-19 ਦੇ ਸੈਂਪਲ ਰੀਅਲ ਟਾਈਮ ਪੋਲੀਮੇਰੇਜ਼ ਚੇਨ ਪ੍ਰਤੀਕਿਰਿਆ ਢੰਗ ਨਾਲ ਜਾਣਗੇ ਲਏ

ਫਲੂ ਕੋਰਨਰ ਅਤੇ ਕਲਸਟਰ ਜੋਨ ਵਿੱਚ ਇਕੱਤਰ ਕੀਤੇ ਜਾਣਗੇ ਸੈਂਪਲ-ਡਾ.ਰਜਿੰਦਰ ਸਿਵਲ ਸਰਜਨ

ਨਾ ਘਬਰਾਉਣ ਜਾਂ ਡਰਨ ਦੀ ਕੀਤੀ ਅਪੀਲ

ਫਰੀਦਕੋਟ 23 ਅਪ੍ਰੈਲ ( ) ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਪੰਜਾਬ ਵੱਲੋਂ ਨੋਵਲ ਕੋਰੋਨਾ ਵਾਇਰਸ ਦੀ ਚੇਨ ਤੋੜਨ,ਇਸ ਦੀ ਰੋਕਥਾਮ ਅਤੇ ਜਾਗਰੂਕਤਾ ਲਈ ਸੂਬੇ ਭਰ'ਚ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।ਸਿਹਤ ਮੰਤਰੀ ਪੰਜਾਬ ਸ.ਬਲਵੀਰ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਆਈ.ਏ.ਐਸ ਅਤੇ ਸਿਵਲ ਸਰਜਨ ਡਾ.ਰਜਿੰਦਰ ਕੁਮਾਰ ਦੀ ਯੋਗ ਅਗਵਾਈ ਹੇਠ ਜ਼ਿਲੇ ਅੰਦਰ ਕੋਵਿਡ-19 ਦੇ ਪਰਕੋਪ ਤੋਂ ਲੋਕਾਂ ਨੂੰ ਬਚਾਉਣ ਲਈ ਵੱਖ ਅਧਿਕਾਰੀ-ਕਰਮਚਾਰੀ ਅਤੇ ਅਰ.ਆਰ.ਟੀ ਟੀਮਾਂ ਕੰਮ ਕਰ ਰਹੀਆਂ ਹਨ।

ਸਰਕਾਰ ਦੇ ਹੁਕਮਾਂ ਮੁਤਾਬਕ ਰੈਪਿਡ ਟੈਸਟ ਕਿੱਟਾਂ ਰਾਂਹੀ ਸੈਂਪਲਿੰਗ ਕਰਨੀ ਬੰਦ ਕਰ ਦਿੱਤੀ ਗਈ ਸੀ।ਹੁਣ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਕੋਵਿਡ-19 ਦੇ ਸੈਂਪਲ ਰੀਅਲ ਟਾਈਮ ਪੋਲੀਮੇਰੇਜ਼ ਚੇਨ ਪ੍ਰਤੀਕਿਰਿਆ ਢੰਗ ਨਾਲ ਲਏ ਜਾਣਗੇ।ਮਰੀਜ਼ਾਂ ਦੇ ਸੈਂਪਲ ਹੁਣ ਜ਼ਿਲੇ ਵਿਚ ਸਥਾਪਿਤ ਫਲੂ ਕਾਰਨਰ ਅਤੇ ਕਲਸਟਰ ਜ਼ੋਨ ਐਲਾਨੇ ਗਏ ਖੇਤਰ ਦੇ ਰਹਾਇਸ਼ੀ ਆਮ ਵਿਅਕਤੀਆਂ ਦੇ ਲਏ ਜਾਣਗੇ ਜਿੰਨਾਂ ਵਿੱਚ ਕੋਰੋਨਾ ਦੇ ਲੱਛਣ ਜਿਵੇਂ ਜ਼ੁਕਾਮ,ਖੰਘ,ਬੁਖਾਰ ਜਾਂ ਸਾਹ ਲੈਣ ਵਿਚ ਤਕਲੀਫ ਵਰਗੇ ਲੱਛਣ ਨਜ਼ਰ ਆਉਂਦੇ ਹਨ।ਸਿਵਲ ਸਰਜਨ ਡਾ.ਰਜਿੰਦਰ ਕੁਮਾਰ ਨੇ ਕਿਹਾ ਕਿ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀ ਹੈ ਇਸ ਆਰ.ਟੀ.ਪੀ.ਸੀ.ਆਰ ਸੈਂਪਲਿੰਗ ਸਬੰਧੀ ਵਿਭਾਗ ਦੇ ਮੈਡੀਕਲ ਅਫਸਰ ਅਤੇ ਲੈਬਾਰਟਰੀ ਟੈਕਨੀਸ਼ਅਨਾਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਗਈ ਹੈ ਅਤੇ ਜ਼ਿਲੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਇਸ ਸਬੰਧੀ ਮੁਕੰਮਲ ਦਿਸ਼ਾ ਨਿਰਦੇਸ਼ ਵੀ ਭੇਜ ਦਿੱਤੇ ਗਏ ਹਨ।

ਫੋਟੋ ਕੈਪਸ਼ਨ: ਡਾ.ਰਜਿੰਦਰ ਕੁਮਾਰ ,ਸਿਵਲ ਸਰਜਨ ਫਰੀਦਕੋਟ

Dispatch No I/19918/2020

ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਕਟਾਰੀਆ ਆਪਟੀਕਲਜ ਕੋਟਕਪੂਰਾ ਨੂੰ ਰਾਤ 8 ਵਜੇ ਤੋਂ ਰਾਤ 10 ਵਜੇ ਤੱਕ ਦੁਕਾਨ ਖੋਲਣ ਦੀ ਪ੍ਰਵਾਨਗੀ

ਫਰੀਦਕੋਟ 23 ਅਪ੍ਰੈਲ,2020 ( )

ਜ਼ਿਲ੍ਹਾ ਮੈਜਿਸਟਰੇਟ ਸ੍ਰੀ ਕੁਮਾਰ ਸੌਰਭ ਰਾਜ ਆਈ ਏ ਐਸ ਵੱਲੋਂ ਮਿਤੀ 23 ਮਾਰਚ ਨੂੰ ਲਗਾਏ ਗਏ ਕਰਫਿਊ ਦੀ ਲਗਾਤਾਰਤਾ ਵਿਚ ਲੋਕਾਂ ਦੀ ਜ਼ਰੂਰਤਾਂ ਅਤੇ ਸ੍ਰੀ ਨਰੇਸ਼ ਕਟਾਰੀਆਂ ਪ੍ਰੋ: ਮੈਸ ਕਟਾਰੀਆ ਆਪਟੀਕਲਜ ਮੇਨ ਬਜਾਰ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਕਟਾਰੀਆ ਆਪਟੀਕਲਜ ਨੂੰ ਰਾਤ 8 ਵਜੇ ਤੋਂ ਰਾਤ 10 ਵਜੇ ਤੱਕ ਦੁਕਾਨ ਖੋਲਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਇਸ ਦੌਰਾਨ ਦੁਕਾਨ ਦਾ ਮਾਲਕ ਦੁਕਾਨ ਦਾ ਸ਼ਟਰ ਬੰਦ ਕਰਕੇ ਅੰਦਰ ਹੀ ਕੰਮ ਕਰੇਗਾ ਅਤੇ ਕੰਮ ਕਰਦੇ ਸਮੇਂ ਵਰਕਰ ਇਕ ਦੂਜੇ ਤੋਂ ਘੱਟ ਤੋਂ ਘੱਟ 2 ਮੀਟਰ ਦੀ ਸਮਾਜਿਕ ਦੂਰੀ ਬਣਾ ਕੇ ਰੱਖਣਗੇ ਅਤੇ ਵਰਕਰਾਂ ਦੀ ਸਵੱਛਤਾ ਦਾ ਖਾਸ ਧਿਆਨ ਰੱਖੇਗਾ।